ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-7
ਜਮਾਤ-ਦਸਵੀਂ
ਮਿਤੀ-31.03.2020

# ਧੁਨੀ-ਬੋਧ

1. ਧੁਨੀ ਕਿਸਨੂੰ ਆਖਦੇ ਹਨ?

ਉੱਤਰ- ਧੁਨੀ ਤੋਂ ਭਾਵ ਹੈ-**ਅਵਾਜ਼**। ਬੋਲਣ ਸਮੇਂ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ **ਸਾਰਥਕ ਅਵਾਜ਼ਾਂ** ਬਾਹਰ ਨਿਕ਼ਲਦੀਆਂ ਹਨ, ਵਿਆਕਰਨ ਵਿੱਚ ਉਹਨਾਂ ਨੂੰ **ਧੁਨੀਆਂ** ਕਿਹਾ ਜਾਂਦਾ ਹੈ।

2. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?

ਉੱਤਰ- ਪੰਜਾਬੀ ਭਾਸ਼ਾ ਦੀਆਂ ਧੁਨੀਆਂ **ਦੋ** ਪ੍ਰਕਾਰ ਦੀਆਂ ਹਨ।

ੳ. **ਸ੍ਵਰ ਧੁਨੀਆਂ**          ਅ. **ਵਿਅੰਜਨ ਧੁਨੀਆਂ**

3.ਪੰਜਾਬੀ ਭਾਸ਼ਾ ਦੀਆਂ ਸ੍ਵਰ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ **ਮੂੰਹ ਵਿੱਚੋਂ ਬੇਰੋਕ ਬਾਹਰ ਨਿਕ਼ਲਦੀ** ਹੈ, ਉਹਨਾਂ ਧੁਨੀਆਂ ਨੂੰ **ਸ੍ਵਰ ਧੁਨੀਆਂ** ਕਿਹਾ ਜਾਂਦਾ ਹੈ।ਸ੍ਵਰ ਧੁਨੀਆਂ **ਦੋ** ਪ੍ਰਕਾਰ ਦੀਆਂ ਹੁੰਦੀਆਂ ਹਨ।

ੳ. **ਹ੍ਰਸਵ/ਲਘੂ ਸ੍ਵਰ**          ਅ. **ਦੀਰਘ/ਗੁਰੂ ਸ੍ਵਰ**

4. ਪੰਜਾਬੀ ਦੀਆਂ ਵਿਅੰਜਨ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ ਮੂੰਹ ਵਿੱਚੋਂ ਨਿਕ਼ਲਦੇ ਸਮੇਂ ਕਿਸੇ ਨਾ ਕਿਸੇ **ਉਚਾਰਨ ਅੰਗ ਨਾ਼ਲ ਟਕਰਾ ਕੇ** ਬਾਹਰ ਨਿਕ਼ਲਦੀ ਹੈ, ਉਹਨਾਂ ਧੁਨੀਆਂ ਨੂੰ **ਵਿਅੰਜਨ ਧੁਨੀਆਂ** ਕਿਹਾ ਜਾਂਦਾ ਹੈ।

ਵਿਅੰਜਨ ਅੱਖਰਾਂ ਦੀ ਗਿਣਤੀ **ਅਠੱਤੀ** ਹੈ- **ਸ ਤੋਂ ਲ਼ ਤੱਕ**

5. ਪੰਜਾਬੀ ਵਿੱਚ **ਤਾਲਵੀ ਵਿਅੰਜਨ** ਕਿਹੜੇ-ਕਿਹੜੇ ਹਨ?

ਉੱਤਰ- **ਚ   ਛ   ਜ   ਞ   ਸ਼   ਯ**

6. ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ ਹਨ?

ਉੱਤਰ- **ਨਾਸਕੀ ਵਿਅੰਜਨ** ਉਹ ਧੁਨੀਆਂ ਹਨ ਜਿਹਨਾਂ ਨੂੰ ਉਚਾਰਨ ਸਮੇਂ ਕੁਝ ਅਵਾਜ਼ **ਨੱਕ ਵਿੱਚੋਂ ਬਾਹਰ ਨਿਕ਼ਲਦੀ** ਹੈ।ਪੰਜਾਬੀ ਵਿੱਚ **ਪੰਜ** ਨਾਸਕੀ ਵਿਅੰਜਨ ਹਨ- **ਙ ਞ ਨ ਣ ਮ**

7. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾ਼ਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

ਉੱਤਰ- **ਙ   ਞ   ਣ   ੜ   ਲ਼**

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377